# प्रश्न–पत्र की योजना

कक्षा – 12
विषय –पंजाबी साहित्य
अवधि – 3 घण्टे 15 मिनट                                                                 पूर्णांक – 80

1. उद्देश्य हेतु अंकभार –

| क्र.सं. | उद्देश्य | अंकभार | प्रतिशत |
|---|---|---|---|
| 1. | ज्ञान | 16 | 20 |
| 2. | अवबोध | 32 | 40 |
| 3. | अभिव्यक्ति | 24 | 30 |
| 4. | मौलिकता | 08 | 10 |
| योग | | 80 | 100 |

2. प्रश्नों के प्रकारवार अंकभार –

| क्र. सं. | प्रश्नों का प्रकार | प्रश्नों की संख्या | अंक प्रति प्रश्न | कुल अंक प्रतिशत | प्रतिशत प्रश्नों का | संभावित समय |
|---|---|---|---|---|---|---|
| 1. | वस्तुनिष्ठ + रिक्त स्थान | 12 | 1 | 15.00 | 25.50 | 30 |
| 2. | अतिलघूत्तरात्मक | 18 | 1 | 22.50 | 38.00 | 40 |
| 3. | लघूत्तरात्मक | 10 | 2 | 25.00 | 21.25 | 35 |
| 4. | दीर्घउत्तरीय प्रश्न | 4 | 3 | 15.00 | 8.50 | 35 |
| 5. | निबंधात्मक | 3 | 6 | 22.50 | 6.75 | 55 |
| | योग :– | 47 | | **100** | 100 | 195 |

3. विषय वस्तु का अंकभार –

| क्र.सं. | विषय वस्तु | अंकभार | प्रतिशत |
|---|---|---|---|
| 1 | पाठ्यपुस्तक कविता | 22 | 27.50 |
| 2 | पाठ्यपुस्तक कहानी | 11 | 13.75 |
| 3 | व्याकरण | 13 | 16.25 |
| 4 | पाठ्यपुस्तक–रस | 3 | 3.75 |
| 5 | अपठित गद्यांश | 10 | 12.50 |
| 6 | कहानी रचना | 3 | 3.75 |
| 7 | निबंध रचना | 6 | 7.50 |
| 8 | पाठ्यपुस्तक साहित्य रूप | 6 | 7.50 |
| 9 | पाठ्यपुस्तक साहित्य इतिहास | 6 | 7.50 |
| | योग :– | 80 | **100%** |

# प्रश्न–पत्र ब्ल्यू प्रिन्ट

कक्षा – 12 | विषय :– पंजाबी साहित्य | पूर्णांक – 80

| क्र. सं | उद्देश्य इकाई / उप इकाई | ज्ञान | | | | | अवबोध | | | | | ज्ञानोपयोग / अभिव्यक्ति | | | | | कौशल / मौलिकता | | | | | योग |
|---|---|---|---|---|---|---|---|---|---|---|---|---|---|---|---|---|---|---|---|---|---|---|
| | | वस्तुनिष्ठ | अति.लघु | लघु उत्तरात्मक | दीर्घउत्तरीय | निबन्धात्मक | वस्तुनिष्ठ | अति.लघु | लघु उत्तरात्मक | दीर्घउत्तरीय | निबन्धात्मक | वस्तुनिष्ठ | अति.लघु | लघु उत्तरात्मक | दीर्घउत्तरीय | निबन्धात्मक | वस्तुनिष्ठ | अति.लघु | लघु उत्तरात्मक | दीर्घउत्तरीय | निबन्धात्मक | |
| 1 | पाठ्यपुस्तक कविता | 2(2) | 2(2) | 4(2) | | | 3(3) | | | 3(1) | | 2(2) | | 2(1) | 3(1) | | | 1(1) | | | | 22(15) |
| 2 | पाठ्यपुस्तक कहानी | 3(3) | | | | | | 1(1) | | 3(1) | | 1(1) | | 2(1) | | | 1(1) | | | | | 11(8) |
| 3 | व्याकरण | | 2(2) | | | | | 6(6) | | | | | 4(4) | | | | | 1(1) | | | | 13(13) |
| 4 | पाठ्यपुस्तक–रस | | 1(1) | | | | | | | | | | | 2(1) | | | | | | | | 3(2) |
| 5 | अपठित गद्यांश | | | 2(1) | | | | | 4(2) | | | | | 2(1) | | | | | 2(1) | | | 10(5) |
| 6 | कहानी रचना | | | | | | | | | | | | | | | | | | | 3(1) | | 3(1) |
| 7 | निबंध रचना | | | | | | | | | | | | | | | 6(1) | | | | | | 6(1) |
| 8 | पाठ्यपुस्तक साहित्य रूप | | | | | | | | | | 6(1) | | | | | | | | | | | 6(1) |
| 9 | पाठ्यपुस्तक साहित्य इतिहास | | | | | | | | | | 6(1) | | | | | | | | | | | 6(1) |
| | योग :– | 5(5) | 5(5) | 6(3) | | | 3(3) | 7(7) | 4(2) | 6(2) | 12(2) | 3(3) | 4(4) | 8(4) | 3(1) | 6(1) | 1(1) | 2(2) | 2(1) | 3(1) | | 80(47) |
| | | 16(13) | | | | | 32(16) | | | | | 24(13) | | | | | 8(5) | | | | | 80(47) |

विकल्पों की योजना :– प्र.सं. 14 से 20 में एक आंतरिक विकल्प है  नोटः– कोष्ठक में बाहर की संख्या अंकों की तथा भीतर प्रश्नों की द्योतक है।

हस्ताक्षर

**ਮਾੱਡਲ ਪ੍ਰਸ਼ਨ-ਪਤ੍ਰ**

**ਉਚ੍ਚ ਮਾਧ੍ਯਮਿਕ ਪਰੀਕ੍ਸ਼ਾ 2023**

**ਵਿਸ਼ਯ: ਪੰਜਾਬੀ ਸਾਹਿਤ੍ਯ**

ਸਮਾਂ 3:15 ਘੰਟੇ ਕੁੱਲ ਅੰਕ : 80

**ਪ੍ਰੀਖਿਆਰਥੀਆਂ ਲਈ ਆਮ ਹਦਾਇਤਾਂ:-**

- ਪ੍ਰੀਖਿਆਰਥੀ ਸਭ ਤੋਂ ਪਹਿਲਾਂ ਆਪਣੇ ਪ੍ਰਸ਼ਨ ਪੱਤਰ ਤੇ ਆਪਣਾ ਰੋਲ ਨੰਬਰ ਲਿਖਣ।
- ਸਾਰੇ ਪ੍ਰਸ਼ਨ ਹੱਲ ਕਰਨੇ ਲਾਜ਼ਮੀ ਹਨ। ਸਾਰੇ ਪ੍ਰਸ਼ਨਾਂ ਦੇ ਅੰਕ ਸਾਹਮਣੇ ਅੰਕਤ ਹਨ। ਪ੍ਰਸ਼ਨ ਨੰਬਰ 14 ਤੋਂ 20 ਤੱਕ ਆਂਤਰਿਕ ਵਿਕਲਪ ਹਨ।
- ਹਰ ਇੱਕ ਪ੍ਰਸ਼ਨ ਦਾ ਉੱਤਰ ਦਿੱਤੀ ਉੱਤਰ-ਪੁਸਤਿਕਾਂ `ਤੇ ਹੀ ਲਿਖੋ। ਜਿਹਨਾਂ ਪ੍ਰਸ਼ਨਾਂ ਦੇ ਇੱਕ ਤੋਂ ਵੱਧ ਬਰਾਬਰ ਅੰਕ ਵਾਲੇ ਭਾਗ ਹਨ, ਉਨ੍ਹਾਂ ਦਾ ਹੱਲ ਇੱਕ ਥਾਂ `ਤੇ ਇੱਕ ਹੀ ਤਰਤੀਬ ਵਿਚ ਕਰੋ।

**ਖੰਡ-ੳ**

**1. ਹੇਠ ਲਿਖੇ ਪ੍ਰਸ਼ਨਾਂ ਦੇ ਸਹੀ ਵਿਕਲਪ ਦੀ ਚੋਣ ਕਰੋ:-** **12x1=12**

I. 'ਖਨਗਾਹੀਂ ਦੀਵਾ ਬਾਲ ਦੀਏ' ਕਵਿਤਾ ਦਾ ਕਵੀ ਹੈ-

(ੳ) ਡਾ. ਪਾਲ ਕੌਰ (ਅ) ਭਾਈ ਵੀਰ ਸਿੰਘ (ੲ) ਪ੍ਰੋ. ਮੋਹਨ ਸਿੰਘ (ਸ) ਗੁਰਭਜਨ ਗਿੱਲ

II. ਤ੍ਰੈਲੋਚਨ ਲੋਚੀ ਦੀ ਗ਼ਜ਼ਲ ਹੈ-

(ੳ) ਜੇ ਤੁਰੀਐ (ਅ) ਕਿਤਾਬਾਂ ਵਰਗੇ ਲੋਕ (ੲ) ਔੜ ਏਦਾਂ ਹੀ (ਸ) ਅਰਦਾਸ ਕਰੀ

III. "'ਵਾਰਿਸ ਸ਼ਾਹ' ਤੇ 'ਬੁੱਲ੍ਹੇ' ਦੇ ਰੰਗ ਅੰਦਰ ਡੋਬ-ਡੋਬ ਕੇ ਜ਼ਿੰਦਗੀ ਰੰਗਦਾ ਹਾਂ।" ਇਹ ਸਤਰਾਂ ਕਿਸ ਕਵੀ ਦੀਆਂ ਹਨ-

(ੳ) ਭਾਈ ਵੀਰ ਸਿੰਘ (ਅ) ਬਾਬੂ ਫ਼ਿਰੋਜ਼ਦੀਨ ਸ਼ਰਫ਼ (ੲ) ਗੁਰਤੇਜ ਕੋਹਾਰਵਾਲਾ (ਸ) ਡਾ. ਜਗਤਾਰ

IV. "ਬਹੁਤ ਹੀ ਚਾਲਾਕ ਸੌਦਾਗਰ ਨੇ ਸਾਰੇ,
ਮੌਤ ਦੀ ਕਰਦੇ ਸਦਾ ਸੌਦਾਗਿਰੀ।"

'ਚਾਲਾਕ ਸੌਦਾਗਰ ਨੇ ਸਾਰੇ' ਤੋਂ ਕੀ ਭਾਵ ਹੈ -

(ੳ) ਸੌਦਾ ਖਰੀਦਣ ਵਾਲ਼ੇ (ਅ) ਸ਼ਾਹੂਕਾਰ (ੲ) ਵਪਾਰੀ (ਸ) ਵਣਜਾਰੇ

V. "ਮਲ-ਮਲ ਕੇ ਫਿਰ ਧੋਤਾ ਇਸ ਨੂੰ, ਮੈਲ ਇਲਮ ਦੀ ਲਾਹੀ" 'ਇਲਮ' ਸ਼ਬਦ ਦਾ ਅਰਥ ਹੈ-

(ੳ) ਅਫ਼ੀਮ (ਅ) ਕਾਲਾ ਟੂਣਾ (ੲ) ਗਿਆਨ (ਸ) ਜਾਦੂ

VI. "ਜੇ ਰੂਹ ਦੇ ਲੰਗਾਰ ਨਾ ਲਹਿੰਦੇ, ਚੁੱਪ ਹੀ ਰਹਿੰਦੇ ਕੁਝ ਨਾ ਕਹਿੰਦੇ।" ਇਨ੍ਹਾਂ ਤੁਕਾਂ ਵਿਚ ਆਏ ਸ਼ਬਦ ਲੰਗਾਰ ਲਈ ਢੁੱਕਵਾਂ ਮੁਹਾਵਰਾ ਹੈ-

(ੳ) ਲੰਗਰ ਸੁੱਟਣਾ (ਅ) ਪਾੜ ਲਾਉਣਾ (ੲ) ਲੀਰੋ-ਲੀਰ ਹੋਣਾ (ਸ) ਆਹੂ ਲਾਉਣੇ

VII. "ਪਿਆਰਾ ਜਪੁ ਸਾਹਿਬ ਗਾਉਂਦੇ, ਠੰਢੇ 'ਤੇ ਠਾਰਦੇ, ਪਿਆਰਦੇ।" ਕਵੀ ਜਪੁ ਸਾਹਿਬ ਰਾਹੀਂ ਕਿਹੜੇ ਗੁਰੂ ਸਾਹਿਬ ਦਾ ਜ਼ਿਕਰ ਕਰਦਾ ਹੈ-

(ੳ) ਗੁਰੂ ਅੰਗਦ ਦੇਵ ਜੀ (ਅ) ਗੁਰੂ ਨਾਨਕ ਦੇਵ ਜੀ (ੲ) ਗੁਰੂ ਅਮਰਦਾਸ ਜੀ (ਸ) ਗੁਰੂ ਰਾਮਦਾਸ ਜੀ

VIII. 'ਪੰਜ ਡਾਲਰ ਦਾ ਨੋਟ' ਕਹਾਣੀ ਦੇ ਕਹਾਣੀਕਾਰ ਹਨ-

(ੳ) ਅਮਨਪਾਲ ਸਾਰਾ (ਅ) ਹਰਪਾਲ ਸਿੰਘ ਲੱਖੀਆਂ (ੲ) ਹਰਪ੍ਰੀਤ ਸਿੰਘ ਸੇਖਾ (ਸ) ਵਰਿਆਮ ਸਿੰਘ ਸੰਧੂ

IX. ਕਹਾਣੀਕਾਰ ਨਾਨਕ ਸਿੰਘ ਦੀ ਰਚਨਾ ਹੈ-

(ੳ) ਭੂਆ (ਅ) ਹਵਾ (ੲ) ਮੋਹ-ਪਾਸ਼ (ਸ) ਆਤੂ ਖੋਜੀ

X. ‘ਆਪਣਾ ਆਪਣਾ ਹਿੱਸਾ’ ਕਹਾਣੀ ਦਾ ਮੁੱਖ ਪਾਤਰ ਹੈ-

(ੳ) ਗੁਰਬੰਤਾ (ਅ) ਬਿੱਕਰ (ੲ) ਗੁਰਨਾਮ (ਸ) ਘੁੱਦੂ

XI. ‘ਮੋਹ-ਪਾਸ਼’ ਕਹਾਣੀ ਦੇ ਕਿਹੜੇ ਪਾਤਰ ਦੀ ਮੌਤ ਮੇਲੇ 'ਚ ਹੋ ਜਾਂਦੀ ਹੈ -

(ੳ) ਮਨਜੀਤ (ਅ) ਜੈਲਾ (ੲ) ਬਿੱਕਰ (ਸ) ਘੁੱਕਰ

XII. “ਪਰ ਪੁੱਤ ਪਾਕਿਸਤਾਨ ਵੀ ਇਹੋ ਕਹਿੰਦੈ, ਕਸ਼ਮੀਰ ਹਿੰਦੁਸਤਾਨ ਨੇ ਮੈਥੋਂ ਖੋਹ ਲਿਐ।” ਇਹ ਲਾਈਨਾਂ ਕਿਸ ਕਹਾਣੀ ਦੀਆਂ ਹਨ-

(ੳ) ਭੂਆ (ਅ) ਕੋਈ ਇੱਕ ਸਵਾਰ (ੲ) ਸ਼ਹੀਦ ਦੀ ਮਾਂ (ਸ) ਮੈਨੂੰ ਜਾਣਨੈ?

**2. ਹੇਠ ਲਿਖੀਆਂ ਖਾਲੀ ਥਾਵਾਂ ਭਰੋ- 6x1=6**

I. "ਪੱਕੀ ਖੇਤੀ ਦੇਖ ਕੇ, _ _ _ _ _ _ _।
ਵਾਓ ਝੱਖੜੋ, ਝੋਲਿਓਂ, _ _ _ _ _ _ _।

II. _ _ _ _ _ _ _ ਦਾ ਮੁੱਲ ਆਪ ਪਾਉਣਾ ਲੋਕਾਂ ਨੇ।
ਧਰਤੀ 'ਤੇ _ _ _ _ _ _ _ਬਣਾਉਣਾ ਲੋਕਾਂ ਨੇ।

III. ਤੂੰ ਇੱਥੋਂ ਦਾ ਹੈ ਕਿ ਉਧਰੋਂ ਆਇਆ ਏ ਉਧਰੋਂ ਤੋਂ ਮੇਰਾ ਭਾਵ _ _ _ _ _ _ _ ਤੋਂ ਸੀ।

IV. ਗੱਲੀਂ ਬਾਤੀ ਮੈਂ ਵੱਡੀ ਕਰਤੂਤੀਂ _ _ _ _ _ _ _ ।

V. ਘਰ ਦਾ ਭੇਤੀ _ _ _ _ _ _ _।

VI. ਬੀਰ ਰਸ ਦਾ ਸਥਾਈ ਭਾਵ _ _ _ _ _ _ _ ਹੈ।

**3. ਹੇਠ ਲਿਖੇ ਪ੍ਰਸ਼ਨਾਂ ਨੂੰ ਹੱਲ ਕਰੋ :- 12x1=12**

I. ਸਮਾਂ, ਕਵਿਤਾ ਸਾਨੂੰ ਕੀ ਸੁਨੇਹਾ ਦਿੰਦੀ ਹੈ ?

II. ‘ਨੱਕ ਰਗੜਨਾ’ ਮੁਹਾਵਰੇ ਦਾ ਅਰਥ ਲਿਖੋ।

III. ‘ਦੰਦ ਖੱਟੇ ਕਰਨਾ'’ ਮੁਹਾਵਰੇ ਦਾ ਵਾਕ ਬਣਾ ਕੇ ਅਰਥ ਸਪਸ਼ਟ ਕਰੋ।

**(V -VI) ਹੇਠ ਲਿਖੇ ਵਾਕਾਂ ਵਿਚ ਵਿਸ਼ਰਾਮ ਚਿੰਨ੍ਹਾਂ ਦੀ ਵਰਤੋਂ ਕਰੋ:-**

IV. ਬਈ ਵਾਹ ਕਮਾਲ ਕਰ ਦਿੱਤਾ ਹੈ ਬਹਾਦਰ ਕੁੜੀ ਨੇ

V. ਗਾਵੈ ਕੋ ਤਾਣੁ ਹੋਵੈ ਕਿਸੈ ਤਾਣੁ
ਗਾਵੈ ਕੋ ਦਾਤਿ ਜਾਣੈ ਨੀਸਾਣੁ

VI. ਤੁਹਾਡੀ ਪ੍ਰੀਖਿਆ ਕਿਹੜੀ ਤਰੀਕ ਤੋਂ ਸ਼ੁਰੂ ਹੋ ਰਹੀ ਹੈ

**(VII-XII) ਵਾਕ ਬੋਧ:-**

VII. ਮੈਂ ਕੱਲ੍ਹ ਸ਼ਹਿਰ ਜਾਵਾਂਗਾ। (ਵਾਕ ਵਿਚੋਂ ਵਿਧੇਅ ਚੁਣੋ)

VIII. ਕੁੜੀ ਕਿਤਾਬ ਪੜ੍ਹ ਰਹੀ ਹੈ। (ਵਾਕ ਵਿਚੋਂ ਕਰਮ ਚੁਣੋ)

IX. ਮਿਹਨਤੀ ਲੋਕ ਕਦੇ ਹਾਰ ਨਹੀਂ ਮੰਨਦੇ। (ਕਾਰਜ ਦੇ ਆਧਾਰ `ਤੇ ਵਾਕ ਵੰਡ ਅਨੁਸਾਰ ਵਾਕ ਦੀ ਕਿਸਮ ਦੱਸੋ) +

X. ਤੁਹਾਡੇ ਸਕੂਲ ਵਿਚ ਕਿੰਨੇ ਬੱਚੇ ਪੜ੍ਹਦੇ ਹਨ। (ਕਾਰਜ ਦੇ ਆਧਾਰ `ਤੇ ਵਾਕ ਵੰਡ ਅਨੁਸਾਰ ਵਾਕ ਦੀ ਕਿਸਮ ਦੱਸੋ)

XI. ਕੁਝ ਵਿਦਿਆਰਥੀ ਅਜਿਹੇ ਹੁੰਦੇ ਹਨ ਜਿਹੜੇ ਆਪਣੇ ਉਸਤਾਦ ਦਾ ਨਾਂ ਚਮਕਾ ਦਿੰਦੇ ਹਨ। (ਬਣਤਰ ਦੇ ਆਧਾਰ `ਤੇ ਵਾਕ ਵੰਡ ਅਨੁਸਾਰ ਵਾਕ ਦੀ ਕਿਸਮ ਦੱਸੋ)

XII. ਬੱਚੇ ਖੇਡ ਰਹੇ ਹਨ। (ਵਾਕ `ਚ ਕਰਤਾ ਹੈ)

**ਖੰਡ-ਅ**

**4-13. ਹੇਠ ਲਿਖੇ ਪ੍ਰਸ਼ਨਾਂ ਨੂੰ ਹੱਲ ਕਰੋ :-** **10x2=20**

ਵਿੱਦਿਆ ਪੜ੍ਹਨ ਨਾਲ ਮਨ ਪ੍ਰਸੰਨ ਹੁੰਦਾ ਹੈ, ਗੱਲਬਾਤ ਵਿਚ ਸਲੀਕਾ ਆਉਂਦਾ ਹੈ ਅਤੇ ਲਿਆਕਤ ਵਧਦੀ ਹੈ। ਵਿਹਲੇ ਸਮੇਂ ਵਿੱਦਿਆ ਪੜ੍ਹਨ ਦਾ ਮੁੱਖ ਉਪਯੋਗ ਉਸ ਦੁਆਰਾ ਅਨੰਦ ਪ੍ਰਾਪਤ ਕਰਨ ਵਿਚ ਹੁੰਦਾ ਹੈ। ਵਿੱਦਿਆ ਪੜ੍ਹਨ ਨਾਲ ਮਨੁੱਖ ਦੇ ਸੁਭਾਵਿਕ ਗੁਣ ਹੋਰ ਵਿਕਸਤ ਹੁੰਦੇ ਹਨ ਅਤੇ ਅਨੁਭਵ ਨਾਲ ਖ਼ੁਦ ਵਿੱਦਿਆ ਦਾ ਅਭਿਆਸ ਪੂਰਨਤਾ ਨੂੰ ਪਹੁੰਚਦਾ ਹੈ। ਮਨੁੱਖ ਦੀ ਸੁਭਾਵਕ ਬੁੱਧ ਆਪਣੇ ਆਪ ਉੱਗਣ ਵਾਲੇ ਬੂਟਿਆਂ ਵਾਂਗ ਹੈ। ਇਸ ਤਰ੍ਹਾਂ ਦੇ ਬੂਟਿਆਂ ਨੂੰ ਛਾਂਗਣ ਨਾਲ ਜਿਸ ਤਰ੍ਹਾਂ ਉਹ ਵਧੇਰੇ ਬਲਵਾਨ ਹੁੰਦੇ ਹਨ, ਉਸੇ ਤਰ੍ਹਾਂ ਕੰਮ ਵਿੱਦਿਆ ਕਰਦੀ ਹੈ। ਵਿੱਦਿਆ ਪੜ੍ਹਨ ਨਾਲ ਕਈ ਤਰ੍ਹਾਂ ਦੇ ਨਿਯਮ ਪਤਾ ਚਲਦੇ ਹਨ। ਪਰੰਤੂ ਕਿਸੇ ਨਿਯਮ ਨੂੰ ਕਿੱਥੇ ਅਤੇ ਕਿਸ ਤਰ੍ਹਾਂ ਕੰਮ ਵਿਚ ਲਿਆਉਣਾ ਚਾਹੀਦਾ ਹੈ, ਇਹ ਅਨੁਭਵ ਨਾਲ ਹੀ ਸਮਝ ਵਿਚ ਆਉਂਦਾ ਹੈ।

**(4-8) ਉਪਰੋਕਤ ਪੈਰ੍ਹੇ ਨੂੰ ਪੜ੍ਹ ਕੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਉ-**

4. ਉਪਰੋਕਤ ਪੈਰ੍ਹੇ ਦਾ ਢੁੱਕਵਾਂ ਸਿਰਲੇਖ ਲਿਖੋ।
5. ਮਨੁੱਖ ਨੂੰ ਗੱਲਬਾਤ 'ਚ ਸਲੀਕਾ ਕਿੱਥੋਂ ਹਾਸਲ ਹੁੰਦਾ ਹੈ ?
6. ਵਿੱਦਿਆ ਦਾ ਅਭਿਆਸ ਪੂਰਨਤਾ ਨੂੰ ਕਿਵੇਂ ਪਹੁੰਚਦਾ ਹੈ ?
7. ਮਨੁੱਖ ਨਿਯਮਾਂ ਦੀ ਵਰਤੋਂ ਕਰਨਾ ਕਿੱਥੋਂ ਸਿੱਖਦਾ ਹੈ ?
8. ਔਖੇ ਸ਼ਬਦਾਂ ਦੇ ਅਰਥ ਲਿਖੋ -

   ਸਲੀਕਾ , ਲਿਆਕਤ , ਬੁੱਧ , ਅਨੁਭਵ।
9. 'ਹਾਸ ਰਸ' ਦਾ ਸਥਾਈ ਭਾਵ ਤੇ ਉਦਾਹਰਨ ਲਿਖੋ।
10. 'ਮੋਹ ਪਾਸ਼' ਕਹਾਣੀ ਸਾਨੂੰ ਕੀ ਸਿੱਖਿਆ ਦਿੰਦੀ ਹੈ ?
11. 'ਬਿਰਛ ਨਾਲ ਲੈ ਕੇ ਤੁਰਨਾ ਹੈ' ਕਵਿਤਾ ਦਾ ਕੇਂਦਰੀ ਭਾਵ ਲਿਖੋ।
12. 'ਨਿ: ਸ਼ਬਦ' ਕਵਿਤਾ ਕਿਹੜੇ ਭਾਵਾਂ ਦਾ ਸੰਚਾਰ ਕਰਦੀ ਹੈ ?
13. ਕਵੀ ਪੁਰਖਿਆਂ ਦੇ ਰਸਤੇ 'ਤੇ ਕਿਉਂ ਤੁਰਦਾ ਹੈ ?

**ਖੰਡ- ੲ**

**14-17. ਹੇਠ ਲਿਖੇ ਪ੍ਰਸ਼ਨਾਂ ਨੂੰ ਹੱਲ ਕਰੋ :-** **4x3=12**

14. ਦਸਤਕਾਰ, ਕਿਰਤੀ, ਕਿਰਸਾਣ, ਸਾਂਝੀ ਰੋਟੀ ਵੰਡ ਕੇ ਖਾਣ।
ਭੁੱਖ, ਨੰਗ, ਚਿੰਤਾ, ਬੇਕਾਰੀ, ਹਟ ਜਾਏ ਧੜਕੇ ਦੀ ਬੀਮਾਰੀ।
ਘੁਲ ਮਿਲ ਜਾਵਣ ਧਰਮ ਇਮਾਨ, ਸੱਚਮੁਚ ਦਾ ਇਨਸਾਨਸਤਾਨ।

i. ਉਪਰੋਕਤ ਕਾਵਿ-ਬੰਦ ਦਾ ਪ੍ਰਸੰਗ ਲਿਖੋ।

ii. ਉਪਰੋਕਤ ਕਾਵਿ-ਬੰਦ ਦੀ ਸਰਲ ਵਿਆਖਿਆ ਕਰੋ।

iii. ਔਖੇ ਸ਼ਬਦਾਂ ਦੇ ਅਰਥ ਲਿਖੋ-

ਬੇਕਾਰੀ, ਧੜਕਾ, ਈਮਾਨ, ਚਿੰਤਾ।

**ਜਾਂ**

ਧੀਏ ਕਿਹੜੇ ਨੀ ਭੜੋਲੇ ਵਿਚ ਡੱਕ ਲਾਂ, ਮੈਂ ਤੇਰੀਆਂ ਜੁਆਨ ਸੱਧਰਾਂ।
ਵੱਢ ਖਾਣੀਆਂ ਸੱਸਾਂ ਦਾ ਰੂਪ ਧਾਰਿਆ, ਹੈ ਸਾਡੀਆਂ ਸਮਾਜੀ ਕਦਰਾਂ।
ਧੀਏ ਕਿਹੜੇ ਨਜ਼ੂਮੀਆਂ ਨੂੰ ਪੁੱਛ ਲਾਂ, ਕਿਉਂ ਚੰਨ ਨੂੰ ਸਰਾਪ ਲੱਗਿਆ ?

i. ਉਪਰੋਕਤ ਕਾਵਿ-ਬੰਦ ਦਾ ਪ੍ਰਸੰਗ ਲਿਖੋ ।

ii. ਉਪਰੋਕਤ ਕਾਵਿ-ਬੰਦ ਦੀ ਸਰਲ ਵਿਆਖਿਆ ਕਰੋ ।

iii. ਔਖੇ ਸ਼ਬਦਾਂ ਦੇ ਅਰਥ ਲਿਖੋ-

ਨਜੂਮੀਆਂ, ਸਰਾਪ, ਭੜੋਲਾ, ਸੱਧਰਾਂ ।

**15.** 'ਧਰਤੀ ਦੇ ਬੋਲ' ਕਵਿਤਾ ਦਾ ਸਾਰ ਆਪਣੇ ਸ਼ਬਦਾਂ ਵਿਚ ਲਿਖੋ ।

**ਜਾਂ**

'ਧੀਆਂ ਦੀਆਂ ਲੋਹੜੀਆਂ' ਗੀਤ ਵਿਚ ਆਏ ਵਿਚਾਰਾਂ ਨੂੰ ਵਿਸਥਾਰਪੂਰਵਕ ਲਿਖੋ ।

**16.** 'ਹਵਾ' ਕਹਾਣੀ ਦਾ ਸੰਖੇਪ ਸਾਰ ਆਪਣੇ ਸ਼ਬਦਾਂ ਵਿਚ ਲਿਖੋ ।

**ਜਾਂ**

'ਬੇਬੇ ਸੰਤੀ' ਜਾਂ 'ਬੰਤੀ' ਦੀ ਪਾਤਰ ਉਸਾਰੀ ਕਰੋ ।

**17.** ਕਿਸੇ ਇਕ ਸਿਰਲੇਖ ਅਨੁਸਾਰ ਕਹਾਣੀ ਰਚਨਾ ਕਰੋ-

ਕਰ ਭਲਾ ਹੋ ਭਲਾ

**ਜਾਂ**

ਚਲਾਕ ਖ਼ਰਗੋਸ਼

**ਖੰਡ-ਸ**

**18-20. ਹੇਠ ਲਿਖੇ ਪ੍ਰਸ਼ਨਾਂ ਨੂੰ ਹੱਲ ਕਰੋ:** **3 x 6 =18**

**18.** ਕਿਸੇ ਇਕ ਵਿਸ਼ੇ ਉੱਪਰ ਲੇਖ-ਰਚਨਾ ਕਰੋ-

ਰਾਸ਼ਟਰਪਿਤਾ ਮਹਾਤਮਾ ਗਾਂਧੀ

**ਜਾਂ**

ਰਾਜੀਵ ਗਾਂਧੀ ਪੇਂਡੂ ਓਲੰਪਿਕ ਖੇਡਾਂ

**19.** ਕਿਸੇ ਇਕ ਸਾਹਿਤ ਰੂਪ ਦਾ ਅਰਥ, ਪਰਿਭਾਸ਼ਾ ਤੇ ਤੱਤਾਂ ਦਾ ਵਰਣਨ ਕਰੋ-

ਕਵਿਤਾ **ਜਾਂ** ਨਾਟਕ

**20.** ਕਿਸੇ ਇਕ ਦਾ ਸੰਖੇਪ ਇਤਿਹਾਸ ਲਿਖੋ -

ਪੰਜਾਬੀ ਨਿੱਕੀ ਕਹਾਣੀ ਦਾ ਇਤਿਹਾਸ

**ਜਾਂ**

ਪੰਜਾਬੀ ਵਾਰਤਕ ਦਾ ਇਤਿਹਾਸ

===